ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਕਾਵਿਕ ਅਤੇ ਅਧਿਆਤਮਕ ਦ੍ਰਿਸ਼ਟੀ ਤੋਂ ਅਧਿਐਨ।

**ਮਨੌਨੀਤ ਕੌਰ**

ਸਹਾਇਕ ਪ੍ਰੋਫੈਸਰ
ਸੰਗੀਤ ਵੋਕਲ, ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ

**ਸਾਰ**

ਸਿੱਖ ਜਗਤ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੋਇਆ। ਕਲਯੁਗ ਵਿੱਚ ਅਵਤਾਰ ਲੈਣ ਵਾਲੇ ਗੁਰੂ ਨਾਨਕ ਪਾਤਸ਼ਾਹ ਨੇ ਮਨੁੱਖਤਾ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਕੇ ਛਕਣ ਦਾ ਗੁਰਮੰਤਰ ਦਿੱਤਾ।ਮਨੁੱਖਤਾ ਨੂੰ ਵਹਿਮਾਂ- ਭਰਮਾਂ ਅਤੇ ਕੁਰੀਤੀਆਂ ਤੋਂ ਬਾਹਰ ਕੱਢ ਕੇ ਗ੍ਰਹਿਸਥ ਵਿੱਚ ਰਹਿੰਦਿਆਂ ਨਾਮ ਜਪਣ ਲਈ ਪ੍ਰੇਰਿਤ ਕੀਤਾ।ਗਿਆਨ ਅਤੇ ਧਿਆਨ ਦੀ ਵਿਲੱਖਣ ਮਿਸਾਲ ਦਿੰਦਿਆਂ ਸਾਡੇ ਗੁਰੂ ਸਾਹਿਬਾਨਾਂ ਦੀ ਕੜੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨੌਵਾਂ ਸਵਰੂਪ ਸ੍ਰੀ ਗੁਰੂ ਤੇਗ ਬਹਾਦਰ ਜੀ, 'ਹਿੰਦ ਦੀ ਚਾਦਰ', ਮਨੁੱਖਤਾ ਦੀ ਚਾਦਰ, ਸ਼ਹਾਦਤ ਦੀ ਚਾਦਰ ਨੇ ਸ਼ਹਾਦਤ ਦੀ ਅਦੁੱਤੀ ਮਿਸਾਲ ਕਾਇਮ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 69 ਸ਼ਬਦ ਰਚਨਾਵਾਂ ਅਤੇ 57 ਸਲੋਕਾਂ ਦੀ ਰਚਨਾ ਕੀਤੀ। ਇਹਨਾਂ ਸ਼ਬਦ ਅਤੇ ਸਲੋਕ ਰਚਨਾਵਾਂ ਨੇ ਮਨੁੱਖੀ ਜਗਤ ਨੂੰ ਜੀਵਨ ਦੇ ਉਦੇਸ਼ ਦੀ ਵਿਉਂਤ ਦਿੱਤੀ। ਮੇਰੇ ਇਸ ਖੋਜ ਪੱਤਰ ਦਾ ਉਪਰਾਲਾ ਵੀ ਵਿਸ਼ੇ ਸਬੰਧੀ ਉਹਨਾਂ ਪੱਖਾਂ ਨੂੰ ਉਜਾਗਰ ਕਰਨਾ ਹੈ, ਜੋ ਗੁਰੂ ਸਾਹਿਬ ਦੇ ਉਪਦੇਸ਼ਾਂ ਦੁਆਰਾ ਮਨੁੱਖੀ ਕਦਰਾਂ ਕੀਮਤਾਂ ਰਾਹੀਂ ਲਾਹੇਵੰਦ ਬਣਾਉਣ।ਗੁਰੂ ਸਾਹਿਬ ਦੇ ਕਥਨ ਅਨੁਸਾਰ ਗੁਰਮਤਿ ਸੰਗੀਤ ਅਤੇ ਗੁਰਬਾਣੀ ਦੋਵੇਂ ਹੀ ਮਨੁੱਖਤਾ ਲਈ ਪ੍ਰੇਰਨਾ ਸਰੋਤ ਹਨ। ਗੁਰੂ ਸਾਹਿਬ ਨੇ ਸੰਪੂਰਨ ਸ਼ਬਦ ਰਚਨਾਵਾਂ ਰਾਗਾਂ ਵਿੱਚ ਹੀ ਰਚੀਆਂ।ਰਾਗ ਜੈਜਾਵੰਤੀ ਦਾ ਉਲੇਖ ਵੀ ਆਪ ਜੀ ਦੀਆਂ ਰਚਨਾਵਾਂ ਵਿਚ ਹੀ ਮਿਲਦਾ ਹੈ। ਗੁਰੂ ਜੀ ਨੇ ਆਪਣੀਆਂ ਸ਼ਬਦ ਰਚਨਾਵਾਂ ਵਿੱਚ ਵਿਕਾਰ ਰਹਿਤ ਹੋ ਕੇ ਉੱਚ ਆਤਮਕ ਅਵਸਥਾ ਦੀ ਖੋਜ ਕਰਨ ਲਈ ਪ੍ਰੇਰਿਆ ਅਤੇ ਉਨਾਂ ਅਨੁਸਾਰ ਕੋਈ ਵਿਰਲਾ ਮਨੁੱਖ ਹੀ ਗੁਰੂ ਰਾਹੀਂ ਇਸ ਖੇਡ ਨੂੰ ਸਮਝ ਸਕਿਆ ਹੈ।ਆਪ ਜੀ ਦੀ ਬਾਣੀ ਅਨੁਸਾਰ ਜਿਸ ਮਨੁੱਖ ਵਿੱਚ ਸੁੱਖ ਦੁੱਖ ਦੋਹਾਂ ਵਿੱਚ ਸਹਜ ਅਵਸਥਾ ਵਿੱਚ ਰਹਿਣ ਦਾ ਗੁਣ ਆ ਜਾਂਦਾ ਹੈ, ਉਸਦੇ ਹਿਰਦੇ ਵਿੱਚ ਗੁਰੂ ਦਾ ਨਿਵਾਸ ਹੁੰਦਾ ਹੈ।ਜੇਕਰ ਵਾਹਿਗੁਰੂ ਸਿਮਰਨ ਨਾ ਕੀਤਾ ਜਾਵੇ ਤਾਂ ਮੋਕਸ਼ ਪ੍ਰਾਪਤੀ ਅਸੰਭਵ ਹੈ।

**ਕੁੰਜੀ ਸ਼ਬਦ**- ਸ਼ਬਦ ਰਚਨਾਵਾਂ ਅਤੇ ਸਲੋਕ ਰਾਗਬੱਧ ਬਾਣੀ, ਬਾਣੀ ਦੇ ਭਾਵ, ਜੀਵਨ ਸੇਧ, ਵੈਰਾਗ, ਚਿੰਤਨ, ਮੋਕਸ਼ ਪ੍ਰਾਪਤੀ।

ਸੰਗੀਤ ਅਤੇ ਕਵਿਤਾ ਦਾ ਸੰਬੰਧ ਅਟੁੱਟ ਹੈ । ਭਗਤੀ ਕਾਵਿ ਦਾ ਮੂਲ ਆਧਾਰ ਹੀ ਸੰਗੀਤ ਹੈ। ਕੀਰਤਨ ਭਗਤੀ ਦਾ ਮੁੱਖ ਅੰਗ ਹੈ।ਇਸ ਵਿੱਚ ਪਰਮਾਤਮਾ ਦੇ ਗੁਣ ਗਾਣ ਦੀ ਪਰੰਪਰਾ ਕੇਵਲ ਸ਼ਬਦ ਅੱਖਰ ਨਾਲ ਨਹੀਂ ਬਲਕਿ ਰਾਗ ਵਿੱਦਿਆ ਦੇ ਸਹਾਰੇ ਹੁੰਦੀ ਹੈ।ਕੇਵਲ ਮਨੁੱਖ ਹੀ ਨਹੀਂ ਪਸ਼ੂ ਅਤੇ ਬਨਸਪਤੀ ਜਗਤ ਵੀ ਸੰਗੀਤ ਅਤੇ ਕਾਵਿ ਦੇ ਮੁਗਧਕਾਰੀ ਪ੍ਰਭਾਵ ਅਧੀਨ ਅਨੰਦ ਮਾਣਦਾ ਹੈ।ਮਿਰਗ ਅਤੇ ਸਰਪ ਦਾ ਨਾਦ ਨਾਲ ਮੁਗਧ ਹੋ ਜਾਣਾ ਪ੍ਰਸਿੱਧ ਹੈ। ਮਨ ਦੀਆਂ ਸਮਸਤ ਬਿਰਤੀਆਂ ਸੰਗੀਤ ਦੇ ਰਸ ਵਿੱਚ ਮਗਨ ਹੋ ਕੇ ਕੇਵਲ ਸ੍ਰਵਣ - ਇੰਦਰੀ ਸ਼ਕਤੀ ਵਿੱਚ ਕੇਂਦਰਿਤ ਹੋ ਜਾਂਦੀਆਂ ਹਨ।ਮਨ ਮਸਤਕ ਸੁਭਾਵਿਕ ਹੀ ਹੋਰਨਾ ਵਿਸ਼ਿਆਂ ਤੋਂ ਹਟ ਕੇ ਇੱਕ ਬਚਿੱਤਰ ਵਿਸਮਾਦਮਈ ਅਵਸਥਾ ਵਿੱਚ ਪੁੱਜ ਜਾਂਦਾ ਹੈ। ਇਸ ਲਈ ਮਨ ਦੀ ਇਕਾਗਰਤਾ ਅਤੇ ਉਸਦੇ ਨਿਯੰਤਰਣ ਲਈ ਭਗਤ ਕਵੀਆਂ ਨੇ ਇਸ ਵਡਮੁੱਲੀ-ਮਧੁਰ ਕਲਾ (ਕੀਰਤਨ) ਦੀ ਭਰਪੂਰ ਵਰਤੋਂ ਆਪਣੇ ਕਾਵਿ ਵਿੱਚ ਕੀਤੀ ਹੈ। ਪ੍ਰਸਿੱਧ ਸੰਗੀਤ ਗ੍ਰੰਥ 'ਸੰਗੀਤ ਰਤਨਾਕਰ' ਅਨੁਸਾਰ ਗਾਇਨ, ਵਾਦਨ, ਨ੍ਰਿਤ ਤਿੰਨੋ ਕਲਾਵਾਂ ਦੀ ਤ੍ਰਿਵੇਣੀ ਨੂੰ ਸੰਗੀਤ ਕਿਹਾ ਜਾਂਦਾ ਹੈ।ਇਹਨਾਂ ਤਿੰਨਾਂ ਕਲਾਵਾਂ ਵਿੱਚ ਗਾਇਨ ਨੂੰ ਸਰਵ ਉੱਚ ਸਥਾਨ ਦਿੱਤਾ ਹੈ। ਗੁਰੂ ਨਾਨਕ ਨੇ ਗਾਇਆ ਅਤੇ ਗਾ ਕੇ ਹੀ ਪਰਮਾਤਮਾ ਨੂੰ ਪਾ ਲਿਆ।ਗੁਰੂ ਨਾਨਕ ਸਾਹਿਬ ਮੱਧ ਕਾਲ ਦੇ ਮੌਲਿਕ ਚਿੰਤਨ, ਕ੍ਰਾਂਤੀਕਾਰੀ, ਨਿਰਾਲੇ ਅਤੇ ਅਨੋਖੇ ਯੁੱਗ ਨਿਰਮਾਤਾ, ਮਹਾਨ ਮਾਨਵਵਾਦੀ, ਸਿੱਖ ਲਹਿਰ ਦੇ ਮੋਢੀ, ਦੀਨ ਦੁਨੀ ਦੇ ਪਰਮ ਹਿਤੈਸ਼ੀ, ਅਤੇ ਮਨੁੱਖੀ ਸਮਾਨਤਾ ਦੇ ਪ੍ਰਚਾਰਕ ਸਨ। ਆਪ ਜੀ ਦਾ ਜੀਵਨ ਨੇਕੀ, ਪਿਆਰ ਤੇ ਮਾਨਵਤਾ ਦੀ ਪੀੜ ਨੂੰ ਅਨੁਭਵ ਕਰਕੇ ਉਸਨੂੰ ਦੂਰ ਕਰਨ ਵਾਲਾ ਸੀ। ਜਿਸ ਵਿੱਚ ਮਜ਼ੑਬ, ਨਸਲ ਅਤੇ ਭੂਗੋਲ ਦਾ ਕੋਈ ਵਿਤਕਰਾ ਨਹੀਂ ਸੀ। ਉਰਦੂ ਦੇ ਪ੍ਰਸਿੱਧ ਕਵੀ ਇਕਬਾਲ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਬਾਰੇ ਲਿਖਿਆ

ਫਿਰ ਉਠੀ ਸਦਾ ਤੌਹੀਦ ਕੀ ਪੰਜਾਬ ਸੇ

ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਇਆ ਖੁਆਬ ਸੇ

ਗੁਰੂ ਸਾਹਿਬਾਨ ਨੇ ਸਮੁੱਚੇ ਜਗਤ ਨੂੰ ਕੀਰਤਨ ਪਰੰਪਰਾ ਦੀ ਅਦੁੱਤੀ ਦਾਤ ਬਖਸ਼ੀ।ਗਾਇਨ, ਗਿਆਨ ਅਤੇ ਧਿਆਨ ਦੀ ਵਿਲੱਖਣ ਮਿਸਾਲ ਦਿੰਦਿਆਂ ਸਾਡੇ ਗੁਰੂ ਸਹਿਬਾਨਾਂ ਦੇ ਸਵਰੂਪਾਂ ਵਿੱਚ ਨੌਵਾਂ ਸਵਰੂਪ ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਗੁਰੂ ਨਾਨਕ ਦੇਵ ਸਾਹਿਬ ਦੇ ਵਿਖਾਏ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਮਾਰਗ ਤੇ ਚੱਲੇ ਅਤੇ ਆਪਣੇ ਸ਼ਬਦ ਅਤੇ ਸਲੋਕ ਰਚਨਾਵਾਂ ਨਾਲ ਮਨੁੱਖਤਾ ਦਾ ਰਾਹ ਰੁਸ਼ਨਾਇਆ। ਗੁਰੂ ਤੇਗ ਬਹਾਦਰ ਜੀ ਦੀ ਬਾਣੀ 15 ਰਾਗਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।

| ਰਾਗ | ਸ਼ਬਦ | ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ |
|---|---|---|
| ਰਾਗ ਗਉੜੀ | 9 | 219 |
| ਰਾਗ ਆਸਾ | 1 | 411 |
| ਰਾਗ ਦੇਵਗੰਧਾਰੀ | 3 | 536 |
| ਰਾਗ ਬਿਹਾਗੜਾ | 1 | 537 |
| ਰਾਗ ਸੋਰਠਿ | 12 | 631 |
| ਰਾਗ ਧਨਾਸਰੀ | 4 | 684 |
| ਰਾਗ ਜੈਤਸਰੀ | 3 | 702 |
| ਰਾਗ ਟੋਡੀ | 1 | 718 |
| ਰਾਗ ਤਿਲੰਗ | 3 | 726 |
| ਰਾਗ ਬਿਲਾਵਲ | 3 | 830 |
| ਰਾਗ ਰਾਮਕਲੀ | 3 | 901 |
| ਰਾਗ ਮਾਰੂ | 3 | 1008 |
| ਰਾਗ ਬਸੰਤ | 5 | 1186 |
| ਰਾਗ ਸਾਰੰਗ | 4 | 1231 |
| ਰਾਗ ਜੈਜਾਵੰਤੀ | 4 | 1352 |
| ਕੁਲ ਜੋੜ | 59 | 1426 - 59 ਸਲੋਕ ਹਨ। |

ਰਾਗ ਤਿਲੰਗ ਮਹਲਾ ੯ ਵਿੱਚ ਰਚਿਆ ਸ਼ਬਦ

ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ।

ਜੋ ਤਨ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ।।੧।। ਰਹਾਉ।।

ਵਿੱਚ ਗੁਰੂ ਸਾਹਿਬ ਮਨੁੱਖ ਨੂੰ ਬੇਖਬਰ ਹੋਣ ਦੀ ਜਗ੍ਹਾ ਸੁਚੇਤ ਹੋਣ ਲਈ ਕਹਿੰਦੇ ਹਨ ਅਤੇ ਫਰਮਾਉਂਦੇ ਹਨ ਕਿ ਮਨੁੱਖੀ ਸਰੀਰ ਨਾਸ਼ਵਾਨ ਹੈ।ਜਗਤ ਤਾਂ ਇੱਕ ਕਾਰ ਵਿਹਾਰ ਹੈ, ਇਹ ਤਾਂ ਇਕ ਸੁਪਨੇ ਵਾਂਗ ਹੈ ਵਾਹਿਗੁਰੂ ਤੋਂ ਬਿਨਾਂ ਬਾਕੀ ਜੋ ਕੁਝ ਵੀ ਨਜ਼ਰ ਆ ਰਿਹਾ ਹੈ ਸਭ ਨਾਸ਼ਵੰਤ ਹੈ।

ਬਿਲਾਵਲ ਮਹਲਾ ੯ ਅੰਤਰਗਤ ਰਚਿਆ ਸ਼ਬਦ-

ਜਾ ਮੈ ਭਜਨੁ ਰਾਮ ਕੋ ਨਾਹੀ ॥

ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ ॥੧॥ ਰਹਾਉ ॥

ਵਿਚ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜਿਸ ਮਨੁੱਖ ਦੇ ਹਿਰਦੇ ਅੰਦਰ ਵਾਹਿਗੁਰੂ ਦਾ ਭਜਨ ਨਹੀਂ ਹੈ ਉਸ ਨੇ ਮਨੁੱਖੀ ਜਨਮ ਵਿਅਰਥ ਗੁਆ ਲਿਆ ਹੈ। ਗੁਰੂ ਸਾਹਿਬ ਇਸ ਸ਼ਬਦ ਰਚਨਾ ਵਿੱਚ ਫਿਰ ਭੇਦ ਦੱਸਦੇ ਹਨ ਕਿ ਕਲਯੁਗ ਵਿੱਚ ਨਾਮ ਜਪ ਕੇ ਹੀ ਸ਼ਕਤੀ ਪਾਈ ਜਾ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸਕਦੀ ਹੈ। ਉਹ ਮਨੁੱਖ ਹੀ ਆਦਰਯੋਗ ਹੈ ਜਿਹੜਾ ਵਾਹਿਗੁਰੂ ਦੇ ਗੁਣ ਗਾਉਂਦਾ ਹੈ ਰਾਮਕਲੀ ਮਹਲਾ ੯ ਸਿਰਲੇਖ ਅੰਦਰ ਉਚਾਰਿਆ ਸ਼ਬਦ

ਸਾਧੋ ਕਉਨ ਜੁਗਤਿ ਅਬ ਕੀਜੈ ॥

ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ ॥੧॥ ਰਹਾਉ ॥

ਅਨੁਸਾਰ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਹੁਣ ਅਜਿਹੀ ਕਿਹੜੀ ਜੁਗਤੀ ਕੀਤੀ ਜਾਏ ਜਿਸ ਨਾਲ ਸਾਰੀ ਭੈੜੀ ਬੁੱਧ ਦੂਰ ਹੋ ਜਾਏ ਅਤੇ ਮਨ ਵਾਹਿਗੁਰੂ ਦੀ ਭਗਤੀ ਵਿੱਚ ਰਚ ਜਾਏ। ਜਿਹੜਾ ਮਨੁੱਖ ਦਿਨ ਰਾਤ ਵਿੱਚ ਇੱਕ ਪਲ ਲਈ ਵੀ ਵਾਹਿਗੁਰੂ ਦਾ ਨਾਮ ਹਿਰਦੇ ਵਿੱਚ ਵਸਾਉਂਦਾ ਹੈ ਉਹ ਮਨੁੱਖ ਦੇ ਹਿਰਦੇ ਵਿੱਚੋਂ ਜਮਾਂ ਦਾ ਡਰ ਦੂਰ ਹੋ ਜਾਂਦਾ ਹੈ ਅਤੇ ਉਸਦਾ ਜਨਮ ਸਿੱਧ ਹੋ ਜਾਂਦਾ ਹੈ।

ਮਾਰੂ ਮਹਲਾ ੯ ਸਿਰਲੇਖ ਅੰਤਰਗਤ ਰਚਿਆ ਸ਼ਬਦ-

ਹਰਿ ਕੋ ਨਾਮੁ ਸਦਾ ਸੁਖਦਾਈ ॥

ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥੧॥ ਰਹਾਉ ॥

ਅਨੁਸਾਰ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਵਾਹਿਗੁਰੂ ਦਾ ਨਾਮ ਹੀ ਸੁਖ ਦੇਣ ਵਾਲਾ ਹੈ ਜਿਸ ਨਾਮ ਨੂੰ ਸਿਮਰ ਕੇ ਅਜਾਮਲ ਡਰ ਗਿਆ ਤੇ ਗਨਕਾ ਨੇ ਵੀ ਮੁਕਤੀ ਪ੍ਰਾਪਤ ਕਰ ਲਈ। ਦਰੋਪਦੀ ਨੂੰ ਰਾਜ ਸਭਾ ਵਿੱਚ ਪ੍ਰਭੂ ਦਾ ਨਾਮ ਚੇਤੇ ਆਇਆ ਤੇ ਵਾਹਿਗੁਰੂ ਨੇ ਉਸ ਦਾ ਦੁੱਖ ਦੂਰ ਕੀਤਾ ਜਿਹਨਾਂ ਮਨੁੱਖਾਂ ਨੇ ਵੀ ਵਾਹਿਗੁਰੂ ਦਾ ਜਸ ਗਾਇਆ ਹੈ ਉਹਨਾਂ ਦੀ ਵਾਹਿਗੁਰੂ ਨੇ ਸਦਾ ਸਹਾਇਤਾ ਕੀਤੀ ਹੈ। ਗੁਰੂ ਸਾਹਿਬ ਆਖਦੇ ਹਨ ਕਿ ਮੈਂ ਵੀ ਇਸੇ ਭਰੋਸੇ ਉਪਰ ਆ ਕੇ ਵਾਹਿਗੁਰੂ ਦੀ ਸ਼ਰਨ ਲਈ ਹੈ।

ਰਾਗ ਬਸੰਤ ਹਿੰਡੋਲ ਮਹਲਾ ੯ ਅੰਤਰਗਤ ਸ਼ਬਦ

ਸਾਧੋ ਇਹੁ ਤਨੁ ਮਿਥਿਆ ਜਾਨਉ ॥

ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥ ਰਹਾਉ ॥

ਅਨੁਸਾਰ ਮਨੁੱਖੀ ਸਰੀਰ ਨਾਸ਼ਵਾਨ ਹੈ। ਇਹ ਸਰੀਰ ਵਿੱਚ ਜਿਹੜਾ ਵਾਹਿਗੁਰੂ ਵਸਦਾ ਹੈ ਉਸ ਨੂੰ ਹੀ ਸੱਚ ਜਾਣਨਾ ਚਾਹੀਦਾ ਹੈ।ਉਸਤਤ ਨਿੰਦਿਆ ਦੋਹਾਂ ਦਾ ਨਿਆਰਾ ਕਰਕੇ ਇੱਕ ਪ੍ਰਭੂ ਪਰਮਾਤਮਾ ਵਾਹਿਗੁਰੂ ਦੀ ਵਡਿਆਈ ਆਪਣੇ ਹਿਰਦੇ ਵਿੱਚ ਵਸਾਉਣੀ ਚਾਹੀਦੀ ਹੈ ਕਿਉਂ ਜੋ ਇਕ ਵਾਹਿਗੁਰੂ ਹੀ ਸਾਰਿਆਂ ਜੀਵਾਂ ਵਿੱਚ ਵਿਆਪਕ ਹੋ ਰਿਹਾ ਹੈ।

ਸਾਰੰਗ ਮਹਲਾ ੯ ਵਿੱਚ ਸ਼ਬਦ ਰਚਨਾ

ਕਹਾ ਨਰ ਅਪਨੋ ਜਨਮੁ ਗਵਾਵੈ ॥

ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ ॥੧॥ ਰਹਾਉ ॥

ਅਨੁਸਾਰ ਗੁਰੂ ਸਾਹਿਬ ਸੰਦੇਸ਼ ਦਿੰਦੇ ਹਨ ਕਿ ਮਾਇਆ ਅਤੇ ਵਿਸ਼ਿਆਂ ਦੇ ਸਵਾਦ ਵਿੱਚ ਗਰਕ ਹੋ ਕੇ ਵਾਹਿਗੁਰੂ ਦਾ ਨਾਮ ਵਿਸਰ ਗਿਆ ਹੈ।ਮਨੁੱਖ ਨਾਸ਼ਵੰਤ ਸਰੀਰ ਨੂੰ ਸੱਚਾ ਮੰਨ ਕੇ ਬੈਠਾ ਹੈ ਪਰ ਵਾਸਤਵ ਵਿੱਚ ਉਹੀ ਮਨੁੱਖ ਮੁਕਤ ਹੈ ਜਿਹੜਾ ਵਾਹਿਗੁਰੂ ਦੇ ਭਜਨ ਵਿੱਚ ਆਪਣੇ ਚਿੱਤ ਨੂੰ ਲਾਉਂਦਾ ਹੈ।

ਜੈਤਸਰੀ ਮਹਲਾ ੯ ਅੰਤਰਗਤ ਰਚਿਆ ਸ਼ਬਦ

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥

ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ ॥੧॥ ਰਹਾਉ ॥

ਵਿਚ ਮਨੁੱਖ ਵਾਹਿਗੁਰੂ ਅੱਗੇ ਅਰਦਾਸ ਕਰ ਰਿਹਾ ਹੈ ਕਿ ਉਸਦੇ ਮਨ ਵਿੱਚ ਜੋ ਜਮਾ ਦਾ ਡਰ ਵੱਸ ਰਿਹਾ ਹੈ ਉਸ ਨੂੰ ਦੂਰ ਕਰੋ, ਮੇਰੀ ਇੱਜਤ ਰੱਖ ਲਵੋ।ਮਨੁੱਖ ਕਹਿੰਦਾ ਹੈ ਕਿ ਮੈਂ ਮੁਕਤੀ ਪ੍ਰਾਪਤ ਕਰਨ ਲਈ ਅਨੇਕਾਂ ਯਤਨ ਕੀਤੇ।ਦਸਾਂ ਦਿਸ਼ਾਵਾਂ ਵੱਲ ਉੱਠ - ਉੱਠ ਕੇ ਦੌੜਿਆ ਹੈ ਉਸ ਦੇ ਮਨ ਵਿੱਚ ਕੋਈ ਜਪ ਤਪ ਵੀ ਨਹੀਂ ਹੈ। ਉਹ ਹਾਰ ਕੇ ਵਾਹਿਗੁਰੂ ਦੇ ਚਰਨਾਂ ਵਿੱਚ ਆ ਗਿਆ ਹੈ।ਮਨੁੱਖ ਵਾਹਿਗੁਰੂ ਤੋਂ ਨਿਰਭੈਤਾ ਦਾ ਦਾਨ ਮੰਗਦਾ ਹੈ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਰਾਗ ਟੋਡੀ ਮਹਲਾ ੯ ਦੀ ਸ਼ਬਦ ਰਚਨਾ

ਕਹਉ ਕਹਾ ਅਪਨੀ ਅਧਮਾਈ ॥

ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ ॥੧॥ ਰਹਾਉ ॥

ਅਨੁਸਾਰ ਮਨੁੱਖ ਆਪਣੀ ਨੀਚਤਾ ਦਾ ਵਖਿਆਨ ਕਰਦਿਆਂ ਕਹਿੰਦਾ ਹੈ ਕਿ ਮੈਂ ਤਾਂ ਸੋਨੇ ਅਤੇ ਇਸਤਰੀ ਆਦਿ ਦੇ ਸਵਾਦਾਂ ਵਿੱਚ ਫਸਿਆ ਹੋਇਆ ਹਾਂ ਤੇ ਮੈਂ ਕਦੇ ਵਾਹਿਗੁਰੂ ਦੀ ਉਸਤਤੀ ਨਹੀਂ ਕੀਤੀ। ਮੈਂ ਰਾਤ ਦਿਨ ਮਾਇਆ ਵਿੱਚ ਹੀ ਮਸਤ ਰਿਹਾ ਤੇ ਮੇਰੇ ਮਨ ਵਿੱਚ ਮਨ ਦੀ ਮੈਲ ਦੂਰ ਨਾ ਹੋਈ।ਗੁਰੂ ਸਾਹਿਬ ਇਸ ਸ਼ਬਦ ਰਚਨਾ ਰਾਹੀਂ ਇਹੋ ਜੀਵਨ ਸੇਧ ਦਿੰਦੇ ਹਨ ਕਿ ਵਾਹਿਗੁਰੂ ਦੀ ਸ਼ਰਨ ਤੋਂ ਬਿਨਾਂ ਕਿਸੇ ਹੋਰ ਥਾਂ ਗਤੀ ਨਹੀਂ ਹੋ ਸਕਦੀ।

ਗੁਰੂ ਸਾਹਿਬ ਜੀ ਨੇ ਆਪਣੀ ਅਦੁਤੀ ਗੁਰਬਾਣੀ ਰਚਨਾ ਦੁਆਰਾ ਸਮੁੱਚੀ ਮਨੁੱਖਤਾ ਨੂੰ ਜੀਵਨ ਦੇ ਟੀਚੇ ਸਬੰਧੀ ਦੱਸਿਆ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਛੱਡ ਕੇ ਵਾਹਿਗੁਰੂ ਦੀ ਹੋਂਦ ਨੇ ਮੰਨਦਿਆਂ ਉਸ ਪਰਮ ਪਿਤਾ ਪਰਮਾਤਮਾ ਦਾ ਨਾਮ ਜਪਣ ਲਈ ਅਤੇ ਕਰਮ ਯੋਗੀ ਹੋਣ ਲਈ ਪ੍ਰੇਰਿਆ। ਗੁਰੂ ਸਾਹਿਬ ਦੁਆਰਾ ਸ਼ਬਦਾਂ ਨੂੰ ਰਾਗਾਂ ਵਿੱਚ ਨਿਬੱਧ ਕਰਨਾ, ਸੰਗੀਤ ਪ੍ਰਤੀ ਉਹਨਾਂ ਦੀ ਵਿਲੱਖਣ ਸੂਝ ਨੂੰ ਦਰਸਾਉਂਦਾ ਹੈ।ਗੁਰੂ ਸਾਹਿਬ ਨੇ ਸਮੂਹ ਸੰਗਤ ਨੂੰ ਜ਼ਿੰਦਗੀ ਦੀ ਜਦੋ ਜਹਿਦ, ਸੰਘਰਸ਼, ਅਤੇ ਔਕੜਾਂ ਦਾ ਸਾਹਮਣਾ ਕਰਦਿਆਂ ਚੰਗਾ ਤੇ ਦਾਨੀ ਇਨਸਾਨ ਬਣਨ ਲਈ ਪ੍ਰੇਰਿਆ। ਕੇਵਲ ਕਲਮੀ ਗਿਆਨ ਪ੍ਰਾਪਤ ਕਰਨਾ ਕਾਫੀ ਨਹੀਂ ਧਿਆਨ ਨੂੰ ਵੀ ਅਮਲੀ ਰੂਪ ਵਿੱਚ ਅਪਣਾਉਣਾ ਜਰੂਰੀ ਹੈ।ਸਾਡੇ ਨਿੱਜ ਦੇ ਵਿਵਹਾਰ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਨੂੰ ਅਸੀਂ ਅਮਲੀ ਤੌਰ ਤੇ ਸਮਾਜ ਵਿੱਚ ਕਿਵੇਂ ਵਰਤੋਂ ਵਿੱਚ ਲਿਆਉਂਦੇ ਹਾਂ, ਇੱਕ ਮਹੱਤਵਪੂਰਨ ਸਵਾਲ ਹੈ।

**REFERENCES–**

1. ਗੁਰੂ ਤੇਗ ਬਹਾਦਰ ਜੀ ਦਾ ਸੰਖੇਪ ਜੀਵਨ ਤੇ ਬਾਣੀ ਸਟੀਕ ਜਗਤਾਰ ਸਿੰਘ, ਰਾਏ ਮੋਰਾਂਵਾਲੀ (ਗੁਰੂ ਅਮਰਦਾਸ ਮਿਸ਼ਨ 65 ਰਾਡਫੋਰਡ ਰੋਡ ਲੈਸਿੰਗਟਨ ਸੰਪਾ.)
2. Article multifaceted study of Ragas embedded on Guru Nanak Dev's Bani (Naad Nartan Journal, Vol. 12, Issue- 2 April 2024)
3. ਗੁਰਬਾਣੀ ਸੰਗੀਤ ਦਰਪਣ – ਪ੍ਰੋਫੈਸਰ ਕਰਤਾਰ ਸਿੰਘ, SGPC , Amritsar
4. www.sikhiwiki.org
5. https://en.wikipedia.org.
6. https//sgtbkhalsadu.ac.in


© Copyright @ Authors